ਦਫਤਰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ, ਹੁਸ਼ਿਆਰਪੁਰ

**OFFICE OF THE**

**DEPUTY COMMISSIONER-CUM-DISTRICT ELECTION OFFICER, HOSHIARPUR**

(Mini Secrettaria, 2nd Floor, Room No. 219, Hoshiarpur)

Phone: 01882-225013, Fax: 01882-225013, E-Mail: *ethsr@punjab.gov.in*

ਸੇਵਾ ਵਿਖੇ,

1) ਪ੍ਰਿੰਸੀਪਲ, ਸਰਕਾਰੀ ਕਾਲਜ, ਹੁਸ਼ਿਆਰਪੁਰ
2) ਪ੍ਰਿੰਸੀਪਲ, ਡੀ.ਏ.ਵੀ ਕਾਲਜ, ਹੁਸ਼ਿਆਰਪੁਰ
3) ਪ੍ਰਿੰਸੀਪਲ, ਜਗਤ ਰਾਮ ਸਰਕਾਰੀ ਬਹੁਤਕਨੀਕੀ ਕਾਲਜ, ਹੁਸ਼ਿਆਰਪੁਰ
4) ਪ੍ਰਿੰਸੀਪਲ, ਸਵਾਮੀ ਸਰਵਾਨਿੰਦ ਗੀਰੀ ਕਾਲਜ, ਹੁਸ਼ਿਆਰਪੁਰ
5) ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:),ਹੁਸ਼ਿਆਰਪੁਰ।
2) ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ),ਹੁਸ਼ਿਆਰਪੁਰ।
6)

ਨੰ. ਚੋਣ-2021/ 105 ਮਿਤੀ 22/01/2021

**ਵਿਸ਼ਾ:** **25-ਜਨਵਰੀ 2021 ਨੂੰ ਨੈਸ਼ਨਲ ਵੋਟਰ ਦਿਵਸ ਮਨਾਉਣ ਸਬੰਧੀ।**

ਹਵਾਲਾ: ਮਾਨਯੋਗ ਮੁੱਖ ਚੋਣ ਅਫਸਰ, ਪੰਜਾਬ, ਚੰਡੀਗੜ੍ਹ ਜੀ ਦੇ ਦਫਤਰ ਦਾ ਪੱਤਰ ਨੰ: ਚੋਣ-2021/ਸਵੀਪ-277 ਮਿਤੀ 15-01-2021 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਪ੍ਰਾਪਤ ਹੋਈਆਂ ਹਦਾਇਤਾਂ ਅਨੁਸਾਰ 25 ਜਨਵਰੀ 2021 ਨੂੰ 11ਵਾਂ ਰਾਸ਼ਟਰੀ ਵੋਟਰ ਦਿਵਸ ਮਨਾਇਆ ਜਾਣਾ ਹੈ। ਮੁੱਖ ਚੋਣ ਅਫਸਰ, ਪੰਜਾਬ, ਚੰਡੀਗੜ੍ਹ ਜੀ ਵਲੋਂ ਨੈਸ਼ਨਲ ਵੋਟਰ ਦਿਵਸ ਸਬੰਧੀ ਭੇਜਿਆ ਗਿਆ ਵੋਟਰ ਪ੍ਰਣ ਪੱਤਰ ਆਪ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਮਿਤੀ 25-01-2021 ਨੂੰ ਸਵੇਰੇ 11-00 ਵਜੇ ਸਿਹਤ ਵਿਭਾਗ ਵਲੋਂ ਜਾਰੀ ਕੋਵਿਡ-19 ਦੀਆਂ ਹਦਾਇਤਾਂ ਅਨੁਸਾਰ ਅਧਿਕਾਰੀਆਂ/ਕਰਮਚਾਰੀਆਂ/ਵਿਦਿਆਰਥੀਆਂ ਨੂੰ ਸਹੁੰ ਚੁਕਵਾਈ ਜਾਵੇ। ਇਹ ਗਤੀਵਿਧੀ ਕਰਦੇ ਸਮੇਂ ਦੀਆਂ ਫੋਟੋਆਂ (High Resolution) ਇਸ ਦਫਤਰ ਨੂੰ ਮਿਤੀ 25-01-2021 ਨੂੰ ਹੀ ਸ਼ਾਮ 05-00 ਵਜੇ ਤੱਕ ਇਸ ਦਫਤਰ ਦੀ ਈ-ਮੇਲ ਤੇ ethsr@punjab.gov.in ਤੇ ਭੇਜੀਆਂ ਜਾਣੀਆਂ ਯਕੀਨੀ ਬਣਾਈਆਂ ਜਾਣ।

**ਨੱਥੀ: ਵੋਟਰ ਪ੍ਰਣ ਪੱਤਰ।**

22/1/21

ਵਾ:ਡਿਪਟੀ ਕਮਿਸ਼ਨਰ-ਕਮ-
ਜ਼ਿਲ੍ਹਾ ਚੋਣ ਅਫ਼ਸਰ,
ਹੁਸ਼ਿਆਰਪੁਰ।

ਨੋਟ:- ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਅਤੇ ਜਿਲ੍ਹਾ ਸਿੱਖਿਆ ਅਫਸਰ (ਐ:ਸਿ) ਹੁਸ਼ਿਅਰਾਪੁਰ ਨੂੰ ਲਿਖਿਆ ਜਾਂਦਾ ਹੈ ਕਿ ਆਪ ਜੀ ਦੇ ਅਧੀਨ ਆਉਂਦੇ ਸਾਰੇ ਪ੍ਰਾਇਮਰੀ ਅਤੇ ਸਕੈਂਡਰੀ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਹਦਾਇਤ ਕੀਤੀ ਜਾਵੇ ਕਿ ਮਿਤੀ 25-01-2021 ਨੂੰ ਸਵੇਰੇ 11-00 ਵਜੇ ਨੂੰ ਹਰੇਕ ਸਕੂਲ ਵਿੱਚ ਅਧਿਕਾਰੀਆਂ/ਕਰਮਚਾਰੀਆਂ/ਵਿਦਿਆਰਥੀਆਂ ਨੂੰ ਸਹੁੰ ਚੁਕਵਾਈ ਜਾਵੇ।

# ਵੋਟਰ ਪ੍ਰਣ

ਅਸੀਂ, ਭਾਰਤ ਦੇ ਨਾਗਰਿਕ ਲੋਕਤੰਤਰ ਵਿੱਚ ਵਿਸ਼ਵਾਸ ਰੱਖਦੇ ਹੋਏ ਪ੍ਰਣ ਕਰਦੇ ਹਾਂ ਕਿ ਅਸੀਂ ਆਪਣੇ ਦੇਸ਼ ਦੀਆਂ ਲੋਕਤਾਂਤਰਿਕ ਪਰੰਪਰਾਵਾਂ ਨੂੰ ਬਣਾਏ ਰੱਖਾਂਗੇ ਅਤੇ ਸੁਤੰਤਰ, ਨਿਰਪੱਖ ਅਤੇ ਸ਼ਾਂਤੀਪੂਰਨ ਚੋਣ ਦੀ ਗਰਿਮਾ ਨੂੰ ਬਰਕਰਾਰ ਰੱਖਦੇ ਹੋਏ, ਨਿਡਰ ਹੋ ਕੇ, ਧਰਮ, ਵਰਗ, ਜਾਤੀ, ਸਮੁਦਾਇ, ਭਾਸ਼ਾ ਜਾਂ ਹੋਰ ਕਿਸੇ ਵੀ ਲਾਲਚ ਦੇ ਪ੍ਰਭਾਵ ਤੋਂ ਬਿਨਾਂ ਸਾਰੀਆਂ ਚੋਣਾਂ ਵਿਚ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਕਰਾਂਗੇ।